ਡਾਇਰੈਕਟੋਰੇਟ ਸਿਹਤ ਤੇ ਪਰਿਵਾਰ ਭਲਾਈ ਪੰਜਾਬ
ਪਰਿਵਾਰ ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ
ਨੈਸ਼ਨਲ ਵੈਕਟਰ ਬੌਰਨ ਡਜੀਜ਼ ਕੰਟਰੋਲ ਪ੍ਰੋਗਰਾਮ ਸ਼ਾਖਾ
E-Mail: punjabnvbdcp@gmail.com
Phone/Fax. No. 0172-2603276

ਨੰ: ਐਨ.ਵੀ.ਬੀ.ਡੀ.ਸੀ.ਪੀ/ ਟੈਕ-8/ਪੰ: 19/ 3749-3770 ਮਿਤੀ 27/5/19

ਵੱਲ

ਸਮੂਹ ਸਿਵਲ ਸਰਜਨ,
ਪੰਜਾਬ ਰਾਜ।

ਵਿਸ਼ਾ:- **Advisory for Vector Born Disease**

***

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਡਾ: ਨੀਰਜ ਢੀਂਗਰਾ, ਡਾਇਰੈਕਟਰ, ਰਾਸ਼ਟਰੀ ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ, ਭਾਰਤ ਸਰਕਾਰ ਨਵੀ ਦਿੱਲੀ ਵੱਲੋ ਪ੍ਰਾਪਤ ਡੀ.ਓ. ਪੱਤਰ ਨੰ: 5-42/2019/ NVBDCP (I&E) Advisory , dated 6-5-2019 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮੌਨਸੂਨ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਇਸ ਸੀਜਨ ਵਿਚ ਮਲੇਰੀਆ ਡੇਂਗੂ, ਚਿਕਨਗੁਨੀਆ, ਕਾਲਾ ਆਜਾਰ ਅਤੇ ਫਲੇਰੀਆ ਬਿਮਾਰੀਆ ਦੇ ਫੈਲਣ ਦਾ ਖਤਰਾ ਬਣੀਆ ਰਹਿੰਦਾ ਹੈ। ਪਿਛਲੇ ਸਾਲਾਂ ਦੌਰਾਨ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ
ਦੇ ਕੇਸਾਂ ਵਿੱਚ ਭਾਰੀ ਵਾਧਾ ਹੋਇਆ ਹੈ ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ। ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਇਹਨਾ ਬਿਮਾਰੀਆ ਦੀ ਰੋਕਥਾਮ ਲਈ ਟ੍ਰਾਸਮਿਸਨ ਸੀਜਨ ਦੇ ਸ਼ੁਰੂ ਹੋਣ ਤੋ ਪਹਿਲਾ ਹੇਠ ਲਿਖੇ ਅਨੁਸਾਰ ਗਤੀਵਿਧੀਆ ਕੀਤੀਆ ਜਾਣ:-

1. ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਦੇ ਬਚਾਓ ਲਈ ਵੱਧ ਤੋ ਵੱਧ ਆਈ.ਈ.ਸੀ. ਐਕਟੀਵਿਟੀਜ ਕੀਤੀਆ ਜਾਣ।
2. ਹਰ ਹਫਤੇ ਫਰਾਈ-ਡੇ (ਡਰਾਈ ਡੇ) ਦੇ ਤੌਰ ਤੇ ਮਨਾਇਆ ਜਾਵੇ।
3. ਆਮ ਵੱਸੋਂ ਨੂੰ ਵੈਕਟਰ ਬੋਰਨ ਡਜੀਜ ਬਾਰੇ ਜਾਗਰੂਕ ਕਰਵਾਇਆ ਜਾਵੇ ਕਿ ਉਹਨਾ ਵੱਲੋ ਆਪਣੇ ਘਰਾਂ ਦੇ ਦੁਆਲੇ, ਕੂਲਰ, ਪਾਣੀ ਦੀਆ ਟੈਂਕੀਆ, ਗਮਲਿਆ, ਫਰਿੱਜ ਦੀ ਟ੍ਰੇਆਂ ਅਤੇ ਛੱਤਾਂ ਤੇ ਪਏ ਟੁੱਟੇ ਭਾਂਡੇ ਅਤੇ ਪੁਰਾਣੇ ਟਾਇਰਾ ਆਦਿ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।
4. ਐਪੀਡੀਮੋਲੋਜੀਕਲ ਅਤੇ ਐਨਟੋਮੋਲੋਜੀਕਲ ਗਤੀਵਿਧੀਆ ਤੇਜ ਕੀਤੀਆ ਜਾਣ।
5. ਪਿਛਲੇ ਸਾਲ ਵਿਚ ਡੇਂਗੂ, ਮਲੇਰੀਆ, ਚਿਕਨਗੁਨੀਆ, ਕਾਲਾ ਆਜਾਰ ਅਤੇ ਜੇ .ਈ. ਦੀ ਬਿਮਾਰੀ ਕਾਰਨ ਹੋਈ ਡੈਥ ਕੇਸ ਦੇ ਨਜਦੀਕੀ ਘਰਾਂ ਦਾ ਸਰਵੇ ਕੀਤਾ ਜਾਵੇ
6. ਡੇਂਗੂ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਸਾਰੀਆ ਸਿਹਤ ਸੰਸਥਾਵਾ ਵਿੱਚ ਵੱਖਰੇ ਡੇਂਗੂ ਵਾਰਡ ਬਣਾਏ ਜਾਣ।
7. ਮਲੇਰੀਆ ਟੈਸਟ ਕਿੱਟਾ, ਡਰੱਗਜ, ਇੰਨਸੈਕਟੀਸਾਈਡ/ਲਾਰਵੀਸਾਈਡ ਆਦਿ ਦਾ ਸਟਾਕ ਤਿਆਰ ਰੱਖਿਆ ਜਾਵੇ।
8. ਮਾਈਗ੍ਰੇਟਰੀ ਅਤੇ ਹਾਰਡ ਟੂ ਰੀਚ ਆਬਾਦੀ ਨੂੰ ਮਲੇਰੀਆ ਅਤੇ ਡੇਂਗੂ ਤੋ ਬਚਾਉਣ ਲਈ ਉਹਨਾਂ ਦੇ ਸਪੈਸਲ ਫੀਵਰ ਸਰਵੇ ਕਰਵਾਇਆ ਜਾਵੇ
9. ਮਲੇਰੀਆ ਦੀ ਜਾਂਚ ਕਰਨ ਲਈ ਹਾਰਡ ਟੂ ਰੀਚ ਆਬਾਦੀ ਵਿਚ ਆਰ.ਡੀ.ਟੀ. ਕਿੱਟਾ ਦੀ ਵਰਤੋ ਕੀਤੀ ਜਾਵੇ।
10. ਮਲੇਰੀਆ ਕੇਸਾਂ ਦੀ ਮੈਪਿੰਗ ਕੀਤੀ ਜਾਵੇ ਅਤੇ ਮਲੇਰੀਆ ਦੇ ਖਾਤਮੇ ਲਈ ਹਰ ਸੰਭਵ ਯਤਨ ਕਰਨੇ ਯਕੀਨੀ ਬਣਾਏ ਜਾਣ।

ਉਪਰੋਕਤ ਗਤੀਵਿਧੀਆ ਕਰਨ ਵਿਚ ਜੇਕਰ ਕੋਈ ਮੁਸਕਿਲ ਪੇਸ਼ ਆਉਦੀ ਹੋਵੇ ਤਾਂ ਡਾ: ਅਨੂੰ ਚੋਪੜਾ ਦੋਸਾਝ ਪ੍ਰੋਗਰਾਮ ਅਫਸਰ ਐਨ.ਵੀ.ਬੀ.ਡੀ.ਸੀ.ਪੀ. ਨਾਲ ਮੋਬਾ: 94647-39769 ਤੇ ਤਾਲਮੇਲ ਕੀਤਾ ਜਾ ਸਕਦਾ ਹੈ।

ਪ੍ਰੋਗਰਾਮ ਅਫਸਰ,
ਨੈਸ਼ਨਲ ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ, ਪੰਜਾਬ।

ਪਿੱਠ ਅੰ: ਨੰ: ਐਨ.ਵੀ.ਬੀ.ਡੀ.ਸੀ.ਪੀ/ਟੈਕ-8/ਪੰ: 19/ 3771-77 ਮਿਤੀ 27/5/19

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ. ਟੂ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
2) ਪੀ.ਏ. ਟੂ ਐਮ.ਡੀ. ਐਨ.ਐਚ.ਐਮ. ਪੰਜਾਬ।
3) ਪੀ.ਏ. ਟੂ ਡ.ਸ.ਪ.ਭ, ਪੰਜਾਬ।
4) ਪੀ.ਏ. ਟੂ ਡਾਇਰੈਕਟਰ, ਈ.ਐਸ.ਆਈ., ਪੰਜਾਬ।
5) ਡਿਪਟੀ ਡਾਇਰੈਕਟਰ ਮਲੇਰੀਆ (ਪੰਜਾਬ),ਚੰਡੀਗੜ੍ਹ।
6) ਮੈਡੀਕਲ ਸੁਪਰਡੰਟ, ਮਾਤਾ ਕੁਸੱਲਿਆ ਹਸਪਤਾਲ ਪਟਿਆਲਾ ਅਤੇ ਸਿਵਲ ਹਸਪਤਾਲ ਜਲੰਧਰ।

ਪ੍ਰੋਗਰਾਮ ਅਫਸਰ,
ਨੈਸ਼ਨਲ ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ, ਪੰਜਾਬ।